## Appendix D: Nomination Forms

ਮਾਪੇ/ਅਧਿਆਪਕ /ਵਿਦਿਆਰਥੀ ਨਾਮਜ਼ਦਗੀ ਪੱਤਰ

| ਸਕੂਲ ਦਾ ਨਾਂ; | | ਯੂਡਾਈਜ਼ ਕੋਡ; | |
|---|---|---|---|
| ਲੜੀ ਨੰ; | ਨਾਮ | ਲਿੰਗ | ਜਮਾਤ ਅਤੇ ਸੈਕਸ਼ਨ |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

**ਦਫ਼ਤਰ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ (ਐਸਿ), ਪੰਜਾਬ, ਸਅਸ ਨਗਰ**
**ਕੰਪਃ ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼ਃ8, ਸਅਸ ਨਗਰ (ਸੇਵਾਵਾਂ ਸ਼ਾਖਾ)**
**Email Id: dpiee.service@punjabeducation.gov.in**

**Most Imp./Via Website/Email**

ਵੱਲਃ-

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ/ਸੈਸਿ),
ਉਪ-ਜਿਲਾ ਸਿੱਖਿਆ ਅਫਸਰ (ਐਸਿ/ਸੈਸਿ),
ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਸਕੂਲ ਮੁਖੀ,
ਪੰਜਾਬ ਰਾਜ।

ਮੀਮੋ ਨੰ; ਈ-84946/DPIEE-SRVC010/1/2020-SERVICES-DPIEE/1229-31
ਮਿਤੀਃ ਸਅਸ ਨਗਰ; 05-05-2023

**ਵਿਸ਼ਾ: ਸਾਲ 2023-25 (02 ਸਾਲ) ਲਈ ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦਾ ਗਠਨ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦਾ ਧਿਆਨ ਬੱਚਿਆਂ ਦੇ ਮੁਫ਼ਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ ਐਕਟ, 2009 ਦੀ ਧਾਰਾ 21 ਅਤੇ ਪੰਜਾਬ ਸਰਕਾਰ ਦੇ ਬੱਚਿਆਂ ਦੇ ਮੁਫ਼ਤ ਅਤੇ ਲਾਜਮੀ ਸਿੱਖਿਆ ਦਾ ਅਧਿਕਾਰ ਨੋਟੀਫਿਕੇਸ਼ਨ ਸਾਲ, 2011 ਦੇ ਨਿਯਮ 13 ਵੱਲ ਦਵਾਉਂਦੇ ਹੋਏ ਇਹ ਲਿਖਿਆ ਜਾਂਦਾ ਹੈ ਕਿ ਐਕਟ ਵਿੱਚ ਦਰਜ ਨਿਯਮਾਂ ਦੀ ਪਾਲਣਾ ਹਿੱਤ ਇਸ ਦਫ਼ਤਰ ਦੇ ਪੂਰਵ ਪੱਤਰ ਨੰ;17/6-2018 ਸੇਪ੍ਰ(1)/160 ਮਿਤੀ 18-02-2020 ਨੂੰ ਜਾਰੀ ਕੀਤੇ ਗਏ ਪੱਤਰ ਅਨੁਸਾਰ ਐਸ.ਐਮ.ਸੀ. ਕਮੇਟੀਆਂ ਦੇ ਕਾਰਜਕਾਲ ਦਾ ਸਮ੍ਹਾਂ ਮਿਤੀ 31/03/2022 ਨੂੰ ਪੂਰਾ ਹੋ ਚੁੱਕਾ ਸੀ। ਇਸ ਉਪਰੰਤ ਵਿਭਾਗ ਵੱਲੋਂ ਸਾਲ 2022-24 ਲਈ ਨਵੀਆਂ ਐਸ.ਐਮ.ਸੀ. ਕਮੇਟੀਆਂ ਦੇ ਗਠਨ ਸਬੰਧੀ ਈ-84946 ਮਿਤੀ 30/06/2022 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਵਿਭਾਗ ਦੇ ਇਸ ਪੱਤਰ ਮਿਤੀ 30/06/2022 ਦੀ ਲਗਾਤਾਰਤਾ ਵਿੱਚ ਪੱਤਰ ਮਿਤੀ 22/07/2022 ਨੂੰ ਜਾਰੀ ਕਰਦੇ ਹੋਏ ਕੁੱਝ ਵਿਭਾਗੀ ਕਾਰਨਾਂ ਕਰਕੇ ਐਸ.ਐਮ.ਸੀ. ਕਮੇਟੀ ਦੇ ਗਠਨ ਤੇ ਰੋਕ ਲਗ੍ਹਾ ਦਿੱਤੀ ਗਈ ਸੀ ਅਤੇ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਜਦੋਂ ਤੱਕ ਨਵੀਆਂ ਕਮੇਟੀਆਂ ਦਾ ਗਠਨ ਨਹੀਂ ਹੁੰਦਾ ਉਦੋਂ ਤੱਕ ਪਹਿਲਾਂ ਬਣਾਈ ਗਈ ਕਮੇਟੀ/ਪੁਰਾਣੀ ਐਸ.ਐਮ.ਸੀ. ਕਮੇਟੀ ਕੰਮ ਕਰਦੀ ਰਹੇਗੀ।

2. ਹੁਣ ਇੰਨ੍ਹਾਂ ਕਮੇਟੀਆਂ ਦਾ ਮਿਤੀ 15/05/2023 ਨੂੰ ਮੁੜ ਗਠਨ ਕੀਤਾ ਜਾਣਾ ਹੈ। ਸਕੂਲ ਮੈਨੇਜਮੈਂਟ ਕਮੇਟੀਆਂ ਦਾ ਕਾਰਜਕਾਲ ਸਮ੍ਹਾਂ ਮਿਤੀ 31/03/2025 ਤੱਕ ਹੋਵੇਗਾ। ਹਰੇਕ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ ਲਈ ਇੱਕ ਹੀ ਮੈਨੇਜਮੈਂਟ ਕਮੇਟੀ ਹੋਵੇਗੀ। ਸਾਰੇ ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਇੱਕਸਾਰਤਾ ਰੱਖਣ ਦੇ ਲਈ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਵੇਃ-

(ੳ) ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ (12+2) ਹੋਵੇਗੀ, ਪਰੰਤੂ ਇੰਨ੍ਹਾਂ 12 ਮੈਂਬਰਾਂ ਵਿੱਚੋਂ 75% ਮੈਂਬਰ ਭਾਵ 09 ਮੈਂਬਰ ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਵਿੱਚੋਂ ਲਏ ਜਾਣਗੇ ਜਿੰਨ੍ਹਾਂ ਵਿੱਚੋਂ ਘੱਟੋ-ਘੱਟ 05 ਇਸਤਰੀਆਂ ਹੋਣਗੀਆਂ (ਇਸਤਰੀਆਂ ਦੀ ਨੁਮਾਇੰਦਗੀ 50% ਤੋਂ ਘੱਟ ਨਾ ਹੋਵੇ)। ਇਹ ਮਾਪੇ ਜਾਂ ਸਰਪ੍ਰਸਤ ਮੈਂਬਰ ਉਨ੍ਹਾਂ ਵਿਦਿਆਰਥੀਆਂ ਦੇ ਹੋਣਗੇ, ਜਿੰਨ੍ਹਾਂ ਦੇ ਬੱਚਿਆਂ ਦਾ ਸਕੂਲ ਵਿੱਚ ਪੜ੍ਹਨ ਦਾ ਸਮ੍ਹਾਂ 03 ਸਾਲ ਜਾਂ ਉਸ ਤੋਂ ਵੱਧ ਦਾ ਬਾਕੀ ਰਹਿੰਦਾ ਹੋਵੇਗਾ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਸੁਵਿਧਾਰਹਿਤ ਗਰੁੱਪ (Disadvantage) ਅਤੇ ਕਮਜ਼ੋਰ ਵਰਗ (Weaker Section) ਦੇ ਬੱਚਿਆਂ ਦੇ ਮਾਪਿਆਂ ਨੂੰ ਉਕਤ ਅਨੁਸਾਰ ਅਨੁਪਾਤਿਕ 75% ਵਿੱਚ ਨੁਮਾਇੰਦਗੀ ਦਿੱਤੀ ਜਾਵੇਗੀ।

(ਅ) ਇੱਕ ਮੈਂਬਰ ਸਥਾਨਕ ਅਥਾਰਟੀ (ਪੀ.ਆਰ.ਆਈ., ਐਮ.ਸੀ.) ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ। ਜਿਸ ਬਾਰੇ ਫੈਸਲਾ ਸਥਾਨਕ ਅਥਾਰਟੀ ਵੱਲੋਂ ਕੀਤਾ ਜਾਵੇਗਾ। ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਮੇਂ ਉਹ

ਪੰਚਾਇਤ ਮੈਂਬਰ ਹੀ ਸ਼ਾਮਿਲ ਕੀਤੇ ਜਾਣਗੇ, ਜਿੰਨ੍ਹਾਂ ਪੰਚਾਇਤ ਮੈਂਬਰਾਂ ਦੇ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹੋਣਗੇ, ਭਾਵ ਸਿੱਖਿਆ ਪ੍ਰਾਪਤ ਕਰ ਰਹੇ ਹੋਣਗੇ।

(ੲ) ਇੱਕ ਮੈਂਬਰ ਅਧਿਆਪਕਾਂ ਵਿੱਚੋਂ ਲਿਆ ਜਾਵੇਗਾ, ਜਿਸ ਬਾਰੇ ਫੈਸਲਾ ਅਧਿਆਪਕਾਂ ਵੱਲੋਂ ਕੀਤਾ ਜਾਵੇਗਾ।

(ਸ) ਇੱਕ ਮੈਂਬਰ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਹੋਵੇਗਾ, ਜਿਸ ਦਾ ਫ਼ੈਸਲਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਖ਼ੁੱਦ ਕੀਤਾ ਜਾਵੇਗਾ।

(ਹ) ਸਕੂਲ ਮੈਨੇਜਮੈਂਟ ਕਮੇਟੀਆਂ ਆਪਣਾ ਕਾਰਵਿਹਾਰ ਚਲਾਉਣ ਦੇ ਲਈ ਗੈਰ-ਸਰਕਾਰੀ ਮੈਂਬਰਾਂ ਵਿੱਚੋਂ ਇੱਕ ਚੇਅਰਪਰਸਨ ਅਤੇ ਵਾਇਸ-ਚੇਅਰਪਰਸਨ ਦੀ ਚੋਣ ਕਰੇਗੀ। ਸਕੂਲ ਮੁਖੀ ਜਾਂ ਜਿੱਥੇ ਸਕੂਲ ਦਾ ਮੁਖੀ ਨਹੀਂ ਹੈ, ਉੱਥੇ ਸਕੂਲ ਦਾ ਸਭ ਤੋਂ ਸੀਨੀਅਰ ਅਧਿਆਪਕ ਸਕੂਲ ਮੈਨੇਜਮੈਂਟ ਕਮੇਟੀ ਦਾ ਐਕਸ-ਆਫਿਸਓ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ, ਪ੍ਰੰਤੂ ਉਸ ਨੂੰ ਵੋਟ ਦੇਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਦੇ ਮੀਮੋ ਨੰ; 244795/501/ਸੇਪ੍ਰ(1) ਮਿਤੀ 29/09/2021 ਰਾਹੀਂ ਅਜਿਹੇ ਸਕੂਲਾਂ ਦੇ ਮੈਂਬਰ ਸਕੱਤਰ ਨੂੰ ਸਮੱਗਰਾ/ਨਾਬਾਰਡ ਦੀਆਂ ਗ੍ਰਾਂਟਾਂ ਨੂੰ ਖਰਚ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ ਤਾਂ ਜੋ ਉਸਾਰੀ ਦੇ ਕੰਮ ਵਿੱਚ ਵਿਘਨਤਾ ਨਾ ਪਵੇ।

(ਕ) ਉਕਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ 12 ਮੈਂਬਰਾਂ ਤੋਂ ਇਲਾਵਾ ਪੰਜਾਬ ਸਰਕਾਰ, ਗਜਟ ਨੋਟੀਫਿਕੇਸ਼ਨ ਨੰ; G.S.R.9/C.A.35/2009/S.38/Amd.(4)/2023 dated;07/02/2023 ਜਾਰੀ ਕਰਦੇ ਹੋਏ ਆਰ.ਟੀ.ਈ. ਐਕਟ-2011 ਦੇ ਨਿਯਮ 13 ਵਿੱਚ 02 ਸਪੈਸ਼ਲ ਇੰਨਵਾਈਟੀਜ਼ ਨੂੰ ਬਤੌਰ ਐਸ.ਐਮ.ਸੀ. ਮੈਂਬਰ ਸ਼ਾਮਲ ਕਰਨ ਦਾ ਪ੍ਰਾਵਧਾਨ ਕੀਤਾ ਗਿਆ ਹੈ। ਜਿਸ ਵਿੱਚੋਂ 01 ਮੈਂਬਰ ਸਮਾਜ ਸੇਵੀ (Social Worker) ਅਤੇ 01 ਮੈਂਬਰ ਸਿੱਖਿਆ ਸ਼ਾਸਤਰੀ (Educationist) ਹੋਵੇਗਾ, (**ਨੱਥੀ ਗਜਟ ਨੋਟੀਫ਼ਿਕੇਸ਼ਨ**)।

**ਨੋਟ:-**

1. ਉਕਤ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ (12+2) ਦੀ ਬਣਤਰ ਸਬੰਧੀ ਦਿਸ਼ਾ-ਨਿਰਦੇਸ਼ ਅਤੇ ਚੋਣ ਦੀ ਪ੍ਰਕਿਰਿਆ **ਅਨੁਲੱਗ-ਏ** ਅਤੇ **ਅਨੁਲੱਗ-ਬੀ** ਅਨੁਸਾਰ ਹੋਵੇਗੀ।
2. ਬਤੌਰ ਸਪੈਸ਼ਲ ਇੰਨਵਾਈਟੀਜ਼ SMC ਮੈਂਬਰ ਬਣਨ ਦੇ ਚਾਹਵਾਨ ਉਮੀਦਵਾਰ ਵਿਭਾਗ ਦੀ ਵੈਬਸਾਈਟ www.epunjabschool.gov.in ਤੇ ਲਾਗ ਇੰਨ ਕਰਕੇ ਪੋਰਟਲ ਤੇ ਦਰਸਾਏ ਗਏ ਲਿੰਕ ਤੇ ਕਲਿੱਕ ਕਰਨ ਉਪਰੰਤ ਆਪਣੀ ਨਾਮਜ਼ਦਗੀ ਦਾਖਲ ਕਰਨਗੇ। ਇਹ ਲਿੰਕ ਵਿਭਾਗ ਦੀ ਵੈੱਬਸਾਈਟ www.epunjabschool.gov.in ਤੇ 24 ਘੰਟਿਆਂ ਬਾਅਦ ਖੋਲਿਆ ਜਾ ਸਕੇਗਾ।
3. ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ), ਜਲੰਧਰ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਚੋਣ ਜਾਬਤਾ (code of conduct) ਦੀਆਂ ਹਦਾਇਤਾਂ ਦੀਆਂ ਪਾਲਣਾ ਕਰਦੇ ਹੋਏ **Jalandhar Constituency** ਨਾਲ ਸਬੰਧਤ Blocks ਦੀ SMC ਗਠਿਤ ਕਰਨ ਦੀ ਪ੍ਰਕਿਰਿਆ, ਚੋਣ ਪ੍ਰਕਿਰਿਆ ਖਤਮ ਹੋਣ ਉਪਰੰਤ ਮਿਤੀ 26/05/2023 ਤੱਕ ਹਰ ਪੱਖੋਂ ਮੁਕੰਮਲ ਕਰ ਲਈ ਜਾਵੇ।

05-05-2023

**ਡਾਇਰੈਕਟਰ ਸਕੂਲ ਐਜੂਕੇਸ਼ਨ**
**(ਐਲੀਮੈਂਟਰੀ ਸਿੱਖਿਆ), ਪੰਜਾਬ।**

# Punjab Government Gazette

## EXTRAORDINARY

*Published by Authority*

CHANDIGARH, TUESDAY, FEBRUARY 7, 2023
(MAGHA 18, 1944 SAKA)


LEGISLATIVE SUPPLEMENT

**Contents** *Pages*


**Part - I** **Acts**

*Nil*

**Part - II** **Ordinances**

*Nil*

**Part - III** **Delegated Legislation**

Notification No. G.S.R. 9/C.A.35/2009/S.38/ Amd. (4)/2023, dated the 6th February, 2023, containing amendment in the Punjab Right of Children to Free and Compulsory Education Rules, 2011. ..57-58

**Part - IV** **Correction Slips, Republications and Replacements**

*Nil*


------

**PART III**

**GOVERNMENT OF PUNJAB**

DEPARTMENT OF SCHOOL EDUCATION

(EDUCATION-VII BRANCH)

**NOTIFICATION**

The 6th February, 2023

**No. G.S.R 9/C.A.35/2009/S.38/Amd. (4)/2023.-** In exercise of the powers conferred by section 38 of the Right of Children to Free and Compulsory Education Act, 2009 (Central Act No. 35 of 2009), and all other powers enabling him in this behalf, the Governor of Punjab is pleased to make the following rules further to amend the Punjab Right of Children to Free and Compulsory Education Rules, 2011, namely:-

**RULES**

1. (1) These rules may be called the Punjab Right of Children to Free and Compulsory Education (First Amendment) Rules, 2023.

   (2) They shall come into force on and with effect from the date of their publication in the Official Gazette.

2. In the Punjab Right of Children to Free and Compulsory Education Rules, 2011,in rule 13, for sub-rule 4, the following sub-rule shall be substituted, namely:-

   "(4) The remaining twenty-five per cent of the strength of the School Management Committee shall be from amongst the following persons, namely:-

   (a) one third members from amongst the elected members of the Local Authority, to be decided by the Local Authority;

   (b) one third members from amongst the teachers from the school, to be decided by the teachers of the school;

   (c) remaining one third from amongst the students in the school, to be decided by the students themselves, and

   (d) the Head Teacher of the school or where the school does not have a Head Teacher, the senior most teacher of the school shall be the ex-officio member, but he shall not have any right to vote:

Provided that two additional members shall be included in the School Management Committee as special invitees out of which one member shall be a social worker residing in vicinity of the respective school and the other member shall be an educationist meaning thereby that such a person has worked in the education sector in a University, college, school or any other educational institution on a teaching post, or any other retired Government employee from Group-A service:

Provided further that such additional members shall not have any right to vote and their role in the School Management Committee shall only be advisory in nature:

Provided further that such additional members shall not be eligible to be elected as a Chairperson or Vice- Chairperson of the School Management Committee.".

**JASPREET TALWAR,**
Principal Secretary to Government of Punjab,
Department of School Education.

*2762/2-2023/Pb. Govt. Press, S.A.S. Nagar*

**ਅਨੁਲੱਗ-ਏ**

a. **ਮਾਪੇ/ਸਰਪ੍ਰਸਤ ਮੈਂਬਰ**

I. ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਸਕੂਲ ਮੁਖੀ ਵੱਲੋਂ ਸਕੂਲ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ Nominations ਲਈ ਸਕੂਲ ਵਿੱਚ ਬੁਲਾਇਆ ਜਾਵੇਗਾ ਅਤੇ ਉਨ੍ਹਾਂ ਨਾਲ SMC ਦੇ ਕੰਮ-ਕਾਜ, ਜਿੰਮੇਵਾਰੀਆਂ ਅਤੇ ਰੋਲ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

II. ਐਸ.ਐਮ.ਸੀ. ਕਮੇਟੀ ਦੇ ਮੈਂਬਰ ਬਨਣ ਦੇ ਚਾਹਵਾਨ ਮਾਪਿਆਂ ਨੂੰ ਨਾਮਜਦ ਹੋਣ ਦਾ ਮੌਕਾ ਦਿੱਤਾ ਜਾਵ਼ੇਗਾ। ਸਕੂਲ ਮੁਖੀ, ਮਾਪਿਆਂ ਨੂੰ ਐਸ.ਐਮ.ਸੀ. ਦਾ ਹਿੱਸਾ ਬਨਣ ਲਈ ਵੀ ਪ੍ਰੇਰਿਤ ਕਰੇਗਾ।

III. ਜੇਕਰ ਮਾਪੇ/ਸਰਪ੍ਰਸਤਾਂ ਦੀ ਨਾਮਜਦਗੀ 09 ਤੋਂ ਵੱਧ ਜਾਂਦੀ ਹੈ ਤਾਂ ਸਿੱਖਿਆ ਸਭਾ ਵਾਲੇ ਦਿਨ ਸਕੂਲ ਮੁੱਖੀ ਵਲੋਂ ਪ੍ਰਾਪਤ ਨਾਮਜ਼ਦਗੀਆਂ ਦੀ ਲਿਸਟ ਨੂੰ ਡਿਸਪਲੇਅ ਕੀਤਾ ਜਾਵੇਗਾ ਅਤੇ ਸਾਰੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਪ੍ਰਾਪਤ ਨਾਮਜ਼ਦਗੀਆਂ ਵਿਚੋਂ 9 ਮੈਂਬਰਾਂ ਦੀ ਚੋਣ ਕਰਨ ਲਈ ਵੋਟਿੰਗ ਦਾ ਸੱਦਾ ਦਿੱਤਾ ਜਾਵੇਗਾ।

b. **ਸਥਾਨਕ ਅਥਾਰਟੀ ਮੈਂਬਰ**

I. ਇੱਕ ਮੈਂਬਰ ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਹੋਵੇਗਾ, ਜਿਸਦਾ ਫੈਸਲਾ ਸਥਾਨਕ ਅਥਾਰਟੀ ਦੁਆਰਾ ਕੀਤਾ ਜਾਵੇਗਾ।

i. ਸਕੂਲ ਮੁਖੀ ਵੱਲੋਂ ਸਥਾਨਕ ਅਥਾਰਟੀ ਨੂੰ ਸਿੱ ਖਿਆ ਸਭਾ ਤੋਂ ਘੱਟੋ-ਘੱਟ 3 ਦਿਨ ਪਹਿਲਾਂ SMC ਵ਼ਿੱਚ ਆਪਣੇ ਪ੍ਰਤੀਨਿਧੀ ਵਜੋਂ ਇੱਕ ਮੈਂਬਰ ਨਾਮਜ਼ਦ ਕਰਨ ਲਈ ਸੂਚਿਤ ਕੀਤਾ ਜਾਵੇਗ਼ਾ।

ii. ਉਨ੍ਹਾਂ ਨੂੰ ਇਸ ਤੋਂ ਪਹਿਲਾਂ SMC ਵਿੱਚ ਭੂਮਿਕਾ ਦੀ ਭੂਮਿਕਾ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ ਤਾਂ ਜੋ ਉਹ ਕਿਸੇ ਅਜਿਹੇ ਵਿਅਕਤੀ ਨੂੰ ਨਾਮਜ਼ਦ ਕਰ ਸਕਣ ਜੋ ਸਕੂਲ ਦੇ ਵਿਕਾਸ ਵਿੱਚ ਸਰਗਰਮੀ ਨਾਲ ਹਿੱਸਾ ਲੈ ਸਕਦੇ ਹਨ।

iii. ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਮੇਂ ਉਹ ਪੰਚਾਇਤ ਮੈਂਬਰ ਹੀ ਸ਼ਾਮਿਲ ਕੀਤੇ ਜਾਣਗੇ, ਜਿੰਨ੍ਹਾਂ ਪੰਚਾਇਤ ਮੈਂਬਰਾਂ ਦੇ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹੋਣਗੇ ਭਾਵ ਸਿੱਖਿਆ ਪ੍ਰਾਪਤ ਕਰ ਰਹੇ ਹੋਣਗੇ।

(c) **ਅਧਿਆਪਕ ਮੈਂਬਰ**

ਇੱਕ ਮੈਂਬਰ ਸਕੂਲ ਦੇ ਅਧਿਆਪਕਾਂ ਵਿੱਚੋਂ ਹੋਵੇਗਾ, ਜਿਸਦਾ ਫੈਸਲਾ ਸਕੂਲ ਦੇ ਅਧਿਆਪਕਾਂ ਦੁਆਰਾ ਕੀਤਾ ਜਾਵੇਗਾ। ਸਟਾਫ਼ ਮੀਟਿੰਗ ਵਿੱਚ ਸਕੂਲ ਮੁਖੀ ਦੁਆਰਾ ਸਾਰੇ ਸਟਾਫ਼ ਮੈਂਬਰਾਂ ਨੂੰ SMC ਦੀ ਭੂਮਿਕਾ ਬਾਰੇ ਸੁਚੇਤ ਕਰਨਾ ਯਕੀਨੀ ਬਣਾਇਆ ਜਾਵੇਗਾ। ਸਿੱਖਿਆ ਸਭਾ ਤੋਂ ਘੱਟੋ-ਘੱਟ 3 ਦਿਨ ਪਹਿਲਾਂ ਸਰਬਸੰਮਤੀ ਨਾਲ ਮਤਾ ਪਾ ਕੇ ਅਧਿਆਪਕ ਮੈਂਬਰ ਦੀ ਚੋਣ ਕੀਤੀ ਜਾਵੇਗੀ ।

(d) **ਵਿਦਿਆਰਥੀ ਮੈਂਬਰ**

I. ਇੱਕ ਮੈਂਬਰ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਹੋਵੇਗਾ, ਜਿਸਦਾ ਫੈਸਲਾ ਵਿਦਿਆਰਥੀਆਂ ਦੁਆਰਾ ਖੁੱਦ ਕੀਤਾ ਜਾਵੇਗਾ।

II. ਸਕੂਲ ਮੁੱਖੀ ਦੁਆਰਾ ਸਵੇਰ ਦੀ ਸਭਾ ਵਿੱਚ SMC ਦੇ ਗਠਨ ਅਤੇ ਇਸ ਦੀਆਂ ਭੂਮਿਕਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇਗਾ ।

III. ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਬਨਣ ਲਈ ਰੁਚੀ ਰੱਖਣ ਵਾਲੇ ਵਿਦਿਆਰਥੀ ਆਪਣੇ ਆਪ ਨੂੰ ਨਾਮਜਦ ਕਰਦੇ ਹੋਏ ਸਕੂਲ ਮੁਖੀ ਵੱਲੋਂ ਨਿਯੁਕਤ ਕੀਤੇ ਗਏ ਅਧਿਆਪਕ ਨੂੰ ਆਪਣਾ ਨਾਮ ਦਰਜ ਕਰਾਉਣਗੇ। ਸਿੱਖਿਆ ਸਭਾ ਦੇ ਘੱਟ ਤੋਂ ਘੱਟ 03 ਦਿਨ ਪਹਿਲਾਂ ਸਕੂਲ ਦ੍ਹੀ ਸਵੇਰ ਦੀ ਸਭਾ ਦੌਰਾਨ ਵਿਦਿਆਰਥੀ ਮੈਂਬਰ ਦੀ ਚੋਣ ਵੋਟਿੰਗ ਜਾਂ ਸਰਬਸੰਮਤੀ ਨਾਲ ਕੀਤੀ ਜਾਵੇਗੀ (ਅਨੁਲੱਗ-ਡੀ)।

(e) **ਸਕੂਲ ਮੁੱਖੀ**

I. ਸਕੂਲ ਮੁਖੀ ਜਾਂ ਜਿੱਥੇ ਸਕੂਲ ਮੁਖੀ ਨਹੀਂ ਹੈ, ਉੱਥੇ ਸਕੂਲ ਦਾ ਸਭ ਤੋਂ ਸੀਨੀਅਰ ਅਧਿਆਪਕ ਸਕੂਲ ਮੈਨੇਜਮੈਂਟ ਕਮੇਟੀ ਦਾ ਐਕਸ ਆਫਿਸਓ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ, ਪ੍ਰੰਤੂ ਉਸ ਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

(f) **ਸਪੈਸ਼ਲ ਇਨਵਾਇਟੀ - (ਸਮਾਜ ਸੇਵੀ) Social Worker ਅਤੇ (ਸਿੱਖਿਆ ਸ਼ਾਸਤਰੀ) Educationist**

As per No. G.S.R.9/C.A.35/2009/S.38/Amd.(4)/2023, dated; 07/02/2023, the following rules further to amend the Punjab Right of Children to Free and Compulsory Education Rules. 2011, namely:-

> Provided that two additional members shall be included in the School Management Committee as special invitees out of which one member shall be a social worker residing in vicinity of the respective school and the other member shall be an educationist meaning thereby that such as person has worked in the education sector in a University, college, school or any other educational institution on a teaching post, or any other retired Government employee from Group-A service.
>
> Provided further that such additional members shall not have any right to vote and their role in the School Management Committee shall only be advisory in nature.
>
> Provided further that such additional membersh shall not be eligible to be elected as a Chairperson or Vice-Chairperson of the School Management Committee.

**SMC ਦੇ ਗਠਨ ਨਾਲ ਸਬੰਧਤ ਸਮੁੱਚੇ ਰਿਕਾਰਡ ਦਾ ਰੱਖ-ਰਖਾ ਸਕੂਲ ਪੱਧਰ ਤੇ ਕਰਨਾ ਯਕੀਨੀ ਬਣਾਇਆ ਜਾਵੇਗਾ।**

**ਚੋਣ ਲਈ ਮਾਪਦੰਡ ( ਸਮਾਜ ਸੇਵੀ)**

I. ਉਹ ਵਿਅਕਤੀ ਜੋ ਕਿਸੇ NGO ਨਾਲ ਜੁੜਿਆ ਹੋਇਆ ਹੈ ਜਾਂ ਵਰਤਮਾਨ ਸਮੇਂ ਵਿੱਚ ਕਿਸੀ NGO ਅਧੀਨ ਕੰਮ ਕਰ ਰਿਹਾ ਹੈ ਅਤੇ ਜਿਸ ਦੀ ਆਪਣੇ ਸਮਾਜ ਵਿੱਚ ਸਮਾਜਿਕ ਕਾਰਜਾਂ ਜਿਵੇਂ ਕਿ (ਸਿੱਖਿਆ, ਪਦਾਰਥਾਂ ਦੀ ਦੁਰਵਰਤੋਂ (Substance Abuse), ਲਿੰਗ ਸਮਾਨਤਾ (Gender Equality) ਅਤੇ ਬਾਲ ਭਲਾਈ) ਵਿੱਚ ਸ਼ਮੂਲੀਅਤ ਹੈ।

II. ਉਹ ਵਿਅਕਤੀ ਜੋ ਸਕੂਲ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਸਬੰਧੀ ਐਸ. ਐਮ. ਸੀ. ਦੀ ਮੱਦਦ ਕਰਨ ਲਈ ਬਤੌਰ ਸਲਾਹਕਾਰ ਯੋਗਤਾ ਰੱਖਦਾ ਹੈ।

III. ਉਹ ਵਿਅਕਤੀ ਜੋ ਸਮਾਜ ਵਿੱਚ ਪਹਿਲਾਂ ਤੋਂ ਹੀ ਸਮਾਜਿਕ ਕੰਮਾਂ ਨਾਲ ਜੁੜਿਆ ਹੋਇਆ ਹੈ।

**ਚੋਣ ਲਈ ਮਾਪਦੰਡ (ਸਿੱਖਿਆ ਸ਼ਾਸਤਰੀ)**

ਉਹ ਵਿਅਕਤੀ ਜਿ ਸ ਨੇ ਸਿੱਖਿਆ ਦੇ ਖੇਤਰ ਵਿੱਚ ਯੂਨੀਵਰਸਿਟੀ, ਕਾਲਜ, ਸਕੂਲ ਜਾਂ ਕਿਸੇ ਹੋਰ ਵਿਦਿਅਕ ਸੰਸਥਾ ਵਿੱਚ ਅਧਿਆਪਕ ਦੇ ਅਹੁੱਦੇ ਤੇ ਕੰਮ ਕੀਤਾ ਹੈ, ਪ੍ਰੰਤੂ ਇਸ ਸਮੇਂ ਕਿਸੀ ਸਰਕਾਰੀ ਸੰਸਥਾ ਵਿੱਚ ਨਹੀਂ ਪੜ੍ਹਾ ਰਿਹਾ।

**ਜਾਂ**

ਉਹ ਵਿਅਕਤੀ ਜੋ ਗਰੁੱਪ-ਏ ਸੇਵਾ ਤੋਂ ਸੇਵਾ-ਮੁਕਤ ਸਰਕਾਰੀ ਅਧਿਕਾਰੀ ਹੋਵੇ ਪ੍ਰੰਤੂ ਅਜਿਹਾ ਵਿਅਕਤੀ ਇਸ ਸਮੇਂ ਕਿਸੀ ਸਰਕਾਰੀ ਸੰਸਥਾ ਕੰਮ ਨਾ ਕਰ ਰਿਹਾ ਹੋਵੇ।

**ਚੋਣ ਦੀ ਪ੍ਰੀਕ੍ਰਿਆ- ਸਮਾਜ ਸੇਵੀ (Social Worker) ਅਤੇ ਸਿੱਖਿਆ ਸ਼ਾਸਤਰੀ (Educationist)**

I. ਬਤੌਰ ਸਪੈਸ਼ਲ ਇੰਨਵਾਈਟੀਜ਼ SMC ਮੈਂਬਰ ਬਣਨ ਦਾ ਚਾਹਵਾਨ ਉਮੀਦਵਾਰ ਵਿਭਾਗ ਦੀ ਵੈਬਸਾਈਟ www.epunjabschool.gov.in ਤੇ ਲਾਗ ਇੰਨ ਕਰਕੇ ਪੋਰਟਲ ਤੇ ਦਰਸਾਏ ਗਏ ਲਿੰਕ ਤੇ ਕਲਿੱਕ ਕਰਨ ਉਪਰੰਤ ਆਪਣੀ ਨਾਮਜ਼ਦਗੀ ਦਾਖਲ ਕਰੇਗਾ ਜਾਂ ਆਪਣੇ ਆਸ-ਪਾਸ ਦੇ ਸਕੂਲ ਵਿੱਚ ਜਾ ਕੇ ਸਕੂਲ ਮੁਖੀ ਦੀ ਸਹਾਇਤਾ ਨਾਲ ਵਿਭਾਗ ਦੀ ਵੈੱਬਸਾਈਟ www.epunjabschool.gov.in ਤੇ ਵੀ ਨਾਮਜ਼ਦਗੀ ਭਰ ਸਕਦਾ ਹੈ।

II. ਸਕੂਲ ਮੁੱਖੀ ਵਲੋਂ ਪ੍ਰਾਪਤ ਨਾਮਜਦਗੀਆਂ ਵਿੱਚੋਂ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਸਮਾਜ ਸੇਵੀ (Social Worker) /ਸਿੱਖਿਆ ਸ਼ਾਸਤਰੀ (Educationist) ਦੇ ਨਾਮ ਦੀ ਚੋਣ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫ਼ਸਰ ਦੀ ਰਾਇ/ਸਹਿਮਤੀ ਨਾਲ ਕੀਤੀ ਜਾਵੇਗੀ। ਚੋਣ ਪ੍ਰੀਕ੍ਰਿਆ ਦੌਰਾਨ ਜੇਕਰ ਨਾਮਜਦਗੀਆਂ ਭਰਨ ਵਾਲੇ ਮੈਂਬਰਾਂ ਦੇ ਮਾਪਦੰਡ ਸਿਮਿਲਰ ਪਾਏ ਜਾਂਦੇ ਹਨ ਤਾਂ ਅਜਿਹੇ ਮੈਂਬਰਾਂ ਦੀ ਚੋਣ Randomly ਕੀਤੀ ਜਾਵੇਗੀ।

III. ਚੁਣੇ ਹੋਏ ਸੋਸ਼ਲ ਵਰਕਰ/ਸਿੱਖਿਆ ਸ਼ਾਸਤਰੀ ਨੂੰ ਸਕੂਲ ਮੁਖੀ ਦੁਆਰਾ ਸੂਚਿਤ ਕੀਤਾ ਜਾਵੇਗਾ।

(g) **ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਕੱਤਰ , ਕਨਵੀਨਰ , ਚੇਅਰਪਰਸਨ ਅਤੇ ਵਾਈਸ-ਚੇਅਰਪਰਸਨ;**

a. ਚੇਅਰਪਰਸਨ ਅਤੇ ਵਾਈਸ-ਚੇਅਰਪਰਸਨ ਸਕੂਲ ਮੈਨੇਜਮੈਂਟ ਕਮੇਟੀ ਦੇ ਗੈਰ-ਸਰਕਾਰੀ ਮੈਂਬਰਾਂ ਵਿੱਚੋ ਹੋਣਗੇ। SMCs ਦੇ ਨਵ-ਨਿਯੁਕਤ ਮੈਂਬਰ ਆਪਣੀ ਪਹਿਲੀ ਮੀਟਿੰਗ ਦੌਰਾਨ ਸਰਬਸੰਮਤੀ ਨਾਲ School Management Committee ਦੇ ਗੈਰ-ਸਰਕਾਰੀ ਮੈਂਬਰਾਂ ਵਿੱਚੋਂ 01 ਚੇਅਰਪਰਸਨ ਅਤੇ 01 ਵਾਈਸ ਚੇਅਰਪਰਸਨ ਦੀ ਚੋਣ ਕਰਨਗੇ।

b. ਸਕੂਲ ਮੈਨੇਜਮੈਂਟ ਕਮੇਟੀ ਦਾ ਮੈਂਬਰ ਸਕੱਤਰ ਅਤੇ ਕਨਵੀਨਰ ਸਕੂਲ ਦਾ ਸਕੂਲ ਦਾ ਮੁੱਖੀ/ਸਕੂਲ ਦਾ ਸੀਨੀਅਰ ਅਧਿਆਪਕਜਿੱਥੇ) ਸਕੂਲ ਮੁਖੀ ਮੌਜੂਦ ਨਹੀਂ ਹੈ (SMC ਦਾ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ।

ਚੋਣ ਪ੍ਰਕਿਰਿਆ ਵਿੱਚ ਕਿਸੇ ਵੀ ਵਿਵਾਦ ਦਾ ਨਿਪਟਾਰਾ ਸਕੂਲ ਮੁਖੀ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਬੀ. ਪੀ. ਈ. ਓ.), ਉਪ-ਜਿਲ੍ਹਾ ਸਿੱਖਿਆ ਅਫਸਰ (ਐਸਿ/ਸੈਸਿ) ਦੁਆਰਾ ਕੀਤਾ ਜਾਵੇਗਾ ਅਤੇ ਅਜਿਹੇ ਮਾਮਲਿਆਂ ਵਿੱਚ ਅੰਤਿਮ ਅਥਾਰਟੀ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ) ਹੋਵੇਗਾ ਜਿਸਦਾ ਫੈਸਲਾ ਸਾਰੀਆਂ ਧਿਰਾਂ ਤੇ ਲਾਗੂ ਹੋਵੇਗਾ।

(h) **ਮੌਜੂਦਾ ਮੈਂਬਰਾਂ ਨੂੰ ਬਦਲਣ ਦੇ ਮਾਪਦੰਡ ਅਤੇ ਪ੍ਰਕਿਰਿਆ**

I. SMCs ਦੇ ਕਾਰਜ ਕਾਲ ਦੌਰਾਨ ਇੱਕ ਮੌਜੂਦਾ ਮੈਂਬਰ ਨੂੰ ਸਕੂਲ ਮੈਨੇਜਮੈਂਟ ਕਮੇਟੀ ਦੁਆਰਾ ਬਦਲਿਆ ਜਾ ਸਕਦਾ ਹੈ, ਜੇਕਰ ਅਜਿਹਾ ਮੈਂਬਰ ਪਹਿਲਾਂ ਤੋਂ ਸੂਚਿਤ ਕੀਤੇ ਬਿਨਾਂ ਤਿੰਨ SMC ਮੀਟਿੰਗਾਂ ਵਿੱਚ ਲਗਾਤਾਰ ਸ਼ਮੂਲੀਅਤ ਨਹੀਂ ਕਰਦਾ ਜਾਂ ਸਕੂਲ ਦੇ ਅੰਦਰ ਜਾਂ ਬਾਹਰ ਗੈਰਕਾਨੂੰਨੀ ਜਾਂ ਭ੍ਰਿਸ਼ਟ ਗਤੀਵਿਧੀਆਂ-ਵਿੱਚ ਸ਼ਾਮਲ ਪਾਇਆ ਜਾਂਦਾ ਹੈ।

II. ਕਿਸੇ ਮੈਂਬਰ ਨੂੰ ਬਦਲਣ ਲਈ SMC ਮੀਟਿੰਗ ਵਿੱਚ, SMC ਮੈਂਬਰਾਂ ਨੂੰ ਇਸ ਬਾਰੇ 2/3 ਬਹੁਮਤ ਨਾਲ ਸਹਿਮਤ ਹੋਣਾ ਚਾਹੀਦਾ ਹੈ। ਬਦਲੇ ਜਾਣ ਵਾਲੇ ਮੈਂਬਰ ਨੂੰ ਵੀ ਉਸ ਮੀਟਿੰਗ ਵਿੱਚ ਬੁਲਾਇਆ ਜਾਵੇਗਾ ਅਤੇ ਉਨ੍ਹਾਂ ਤੋਂ ਸਪੱਸ਼ਟੀਕਰਨ ਲਿਆ ਜਾਵੇਗਾ।

III. ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਵੱਲੋਂ ਅਜਿਹੇ ਦਿਲਚਪਸੀ ਰੱਖਣ ਵਾਲੇ ਵਿਅਕਤੀ ਦੀ ਭਾਲ ਕੀਤੀ ਜਾਵੇਗੀ ਜੋ ਬਦਲੇ ਹੋਏ ਮੈਂਬਰ ਦੀ ਥਾਂ ਲੈ ਸਕਦਾ ਹੋਵੇ ਅਤੇ ਇਸ ਸਬੰਧੀ ਅਗਲੀ ਸਕੂਲ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਵਿੱਚ ਫੈਸਲੇ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

**ਨੋਟ ਜੇਕਰ ਸੀਟਾਂ ਖਾਲੀ ਰਹਿ ਜਾਂਦੀਆਂ ਹਨ ਤਾਂ ਉਨ੍ਹਾਂ ਲਈ ਚੁਣੇ ਹੋਏ ਮੈਂਬਰ ਸਰਬਸੰਮਤੀ ਨਾਲ ਨਾਮਜ਼ਦਗੀ ਦਾ ਫੈਸਲਾ ਕਰ ਸਕਦੇ ਹਨ।**

ਅਨੁਲੱਗ-ਬੀ

# TIMELINE FOR FORMATION OF SCHOOL MANAGEMENT COMMITTEES

| ਲੜੀ ਨੰ | ਮਿਤੀ | ਗਤੀਵਿਧੀ | ਜਿੰਮੇਵਾਰ ਵਿਅਕਤੀ |
|---|---|---|---|
| 1. | 5th to 8th May, 2023 | • ਸਕੂਲ ਮੁਖੀ ਵੱਲੋਂ ਮਾਪਿਆਂ ਨੂੰ ਬੱਚਿਆਂ ਰਾਹੀਂ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਦਾ ਸੱਦਾ ਪੱਤਰ ਦਿੱਤਾ ਜਾਵੇਗਾ। | ਸਕੂਲ ਮੁਖੀ |
| 2. | 9th May, 2023 | • ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਸਕੂਲ ਮੁਖੀ ਵੱਲੋਂ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ Nominations ਲਈ ਸਕੂਲ ਵਿੱਚ ਬੁਲਾਇਆ ਜਾਵੇਗਾ ਅਤੇ ਉਨ੍ਹਾਂ ਨਾਲ SMC ਦੇ ਕੰਮਕਾਜ, ਜਿੰਮੇਵਾਰੀਆਂ ਅਤੇ ਰੋਲ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।<br>• ਐਸ.ਐਮ.ਸੀ. ਕਮੇਟੀ ਦੇ ਮੈਂਬਰ ਬਨਣ ਦੇ ਚਾਹਵਾਨ ਮਾਪਿਆਂ ਨੂੰ ਨਾਮਜਦ ਹੋਣ ਦਾ ਮੌਕਾ ਦਿੱਤਾ ਜਾਵੇਗਾ। ਸਕੂਲਮੁਖੀ, ਮਾਪਿਆਂ ਨੂੰ ਐਸ.ਐਮ.ਸੀ. ਦਾ ਹਿੱਸਾ ਬਨਣ ਲਈ ਪ੍ਰੇਰਿਤ ਕਰੇਗਾ ਅਤੇ ਵਿਸ਼ੇਸ਼ਤਾਵਾਂ ਬਾਰੇ ਸਟੀਕ ਜਾਣਕਾਰੀ ਮੁਹੱਇਆ ਕਰਾਏਗਾ।<br>• ਸਕੂਲ ਮੁਖੀ ਵੱਲੋਂ ਮਾਪਿਆਂ ਦਾ ਨਾਮਜ਼ਦਗੀ ਫਾਰਮ **ਅਨੁਲੱਗ-ਡੀ** ਭਰਵਾਇਆ ਜਾਵੇਗਾ। | ਸਕੂਲ ਮੁਖੀ |
| 3. | 10th May, 2023 | • ਸਕੂਲ ਮੁਖੀ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ **Special Invitees** ਵੱਲੋਂ ਆਪਣੀਆਂ ਨਾਮਜ਼ਦਗੀਆਂ ਦਾਇਰ ਕੀਤੀਆਂ ਗਈਆਂ ਹਨ। | ਸਕੂਲ ਮੁਖੀ |
| 4. | 15th May, 2023 | • ਸਿੱਖਿਆ ਸਭਾ ਵਾਲੇ ਦਿਨ ਸਕੂਲ ਮੁਖੀ ਵੱਲੋਂ ਮੀਟਿੰਗ ਵਿੱਚ ਸ਼ਾਮਿਲ ਹੋਣ ਆਏ ਮਾਪਿਆਂ ਸਰਪ੍ਰਸਤਾਂ ਨੂੰ ਰਿਫਰੈਸ਼ਮੈਂਟ ਦਿੱਤੀ ਜਾਵੇਗੀ।<br>• ਸਕੂਲ ਮੁਖੀ ਚੁਣੇ ਹੋਏ **ਮੈਂਬਰਾਂ ਦਾ ਪਤਾ ਅਤੇ ਹਸਤਾਖ਼ਰ ਅਨੁਲੱਗ-ਸੀ** ਵਿੱਚ ਦਰਜ ਕੀਤੇ ਜਾਣਗੇ।<br>• ਸਕੂਲ ਮੁਖੀ ਚੁਣੇ ਗਏ ਐਸ.ਐਮ.ਸੀ ਮੈਂਬਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰੇਗਾ। | ਸਕੂਲ ਮੁਖੀ |
| 4. | 16th May, 2023 | • ਸਕੂਲ ਮੁਖੀ ਵੱਲੋਂ ਸਮਾਜ ਸੇਵੀ (Social Worker) ਅਤੇ ਸਿੱਖਿਆ ਸ਼ਾਸਤਰੀ (Educationist) ਦੀ ਚੋਣ ਜਿਲ੍ਹਾ ਸਿੱਖਿਆ ਅਫ਼ਸਰ ਦੀ ਸਹਿਮਤੀ ਨਾਲ ਉਚਿਤ ਚੋਣ ਪ੍ਰਕਿਰਿਆ ਅਤੇ ਮਾਪਦੰਡਾਂ ਦੁਆਰਾ ਕੀਤੀ ਜਾਵੇਗੀ। | ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ), ਸਕੂਲ ਮੁਖੀ |
| 5. | 19th May, 2023 | • ਸਕੂਲ ਮੁਖੀ ਵੱਲੋਂ ਨਵੀਂ ਬਣੀ ਸਕੂਲ ਮੈਨੇਜਮੈਂਟ ਕਮੇਟੀ ਦੀ ਸਮਰੱਥ ਅਥਾਰਟੀ ਤੋਂ ਪ੍ਰਵਾਨਗੀ ਲੈਣ ਉਪਰੰਤ ਨਵੀਂ ਬਣੀ SMC ਕਮੇਟੀ ਦੇ ਵੇਰਵਿਆਂ ਨੂੰ e-punjab school portal ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇਗਾ। | ਸਕੂਲ ਮੁਖੀ |
| 6. | 20th May, 2023 | • SMC ਦਾ ਗਠਨ ਹੋਣ ਉਪਰੰਤ ਪਹਿਲੀ ਮੀਟਿੰਗ ਲਈ ਮੈਂਬਰਾਂ ਨੂੰ ਸੱਦਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਰੁਬਰੂ ਕਰਵਾਇਆ ਜਾਵੇਗਾ। | ਸਕੂਲ ਮੁਖੀ |

# ANNEXURE- C

## SMC details and Attendance Sheet

| ਸਕੂਲ ਮੈਨੇਜਮੈਂਟ ਕਮੇਟੀ ਦੀ ਡਿਟੇਲਜ਼ | | | | | |
|---|---|---|---|---|---|
| ਸਕੂਲ ਦਾ ਨਾਂ; | | | | ਯੂਡਾਈਸ ਕੋਡ; | |
| | ਨਾਮ | ਅਹੁੱਦਾ | ਲਿੰਗ | ਸੰਪਰਕ ਨੰਬਰ | ਪੱਕਾ ਪਤਾ |
| 1 | | ਮਾਪੇ | | | |
| 2 | | ਮਾਪੇ | | | |
| 3 | | ਮਾਪੇ | | | |
| 4 | | ਮਾਪੇ | | | |
| 5 | | ਮਾਪੇ | | | |
| 6 | | ਮਾਪੇ | | | |
| 7 | | ਮਾਪੇ | | | |
| 8 | | ਮਾਪੇ | | | |
| 9 | | ਮਾਪੇ | | | |
| 10 | | ਅਧਿਆਪਕ | | | |
| 11 | | ਵਿਦਿਆਰਥੀ | | | |
| 12 | | ਸਥਾਨਕ ਅਥਾਰਟੀ | | | |
| 13 | | ਸਕੂਲ ਮੁਖੀ | | | |
| 14 | | ਵਿਸੇਸ਼ ਸੱਦਾ/ਸਮਾਜ ਸੇਵੀ | | | |
| 15 | | ਸਪੈਸ਼ਲ ਸੱਦਾ; ਸਿੱਖਿਆ ਸ਼ਾਸਤਰੀ | | | |